# ਵੰਡ ਨੂੰ ਨਾ ਭੁੱਲਦਿਆਂ ਹੋਇਆਂ

## -ਸਤਯਪਾਲ ਗੌਤਮ

ਮੇਰਾ ਜਨਮ ਬਟਵਾਰੇ ਦੇ ਬਾਅਦ ਪਿਛਲੀ ਸਦੀ ਦੇ ਛੇਵੇਂ ਦਹਾਕੇ ਦੇ ਪਹਿਲੇ ਸਾਲ 'ਚ ਹੋਇਆ। ਇਸ ਤਰ੍ਹਾਂ ਮੈਂ ਬਟਵਾਰੇ ਤੋਂ ਬਾਅਦ ਦੀ ਪਹਿਲੀ ਪੀੜ੍ਹੀ ਦਾ ਪੁੱਤ ਹਾਂ। ਮੇਰਾ ਬਚਪਨ ਦੁਆਬੇ ਦੇ ਪਿੰਡ ਮਸਾਣੀਆਂ ਵਿਚ ਗੁਜ਼ਰਿਆ। ਇਹ ਪਿੰਡ ਰੇਲਵੇ ਸਟੇਸ਼ਨ ਸ਼ਾਮ-ਚੁਰਾਸੀ ਤੋਂ ਮੀਲ ਕੁ ਦੀ ਵਾਟ 'ਤੇ ਹੈ। ਜਲੰਧਰ-ਹੁਸ਼ਿਆਰਪੁਰ ਰੇਲਵੇ-ਲਾਈਨ 'ਤੇ ਪੈਂਦੇ ਇਸ ਸਟੇਸ਼ਨ ਦਾ ਨਾਂ ਸ਼ਾਸਤਰੀ-ਸੰਗੀਤ ਦੇ ਮਸ਼ਹੂਰ ਘਰਾਣੇ ਨਾਲ ਸੰਬੰਧਤ ਪਿੰਡ ਸ਼ਾਮ-ਚੁਰਾਸੀ ਦੇ ਨਾਂ 'ਤੇ ਰੱਖਿਆ ਗਿਆ ਸੀ। ਇਸ ਪਿੰਡ ਦੇ ਸ਼ਾਸਤਰੀ-ਸੰਗੀਤ ਨਾਲ ਪੀੜ੍ਹੀ-ਦਰ-ਪੀੜ੍ਹੀ ਜੁੜੇ ਪਰਿਵਾਰਾਂ ਨੂੰ ਪੰਜਾਬ ਦੀ ਵੰਡ ਵੇਲੇ ਸਲਾਮਤ ਅਲੀ ਤੇ ਅਮਾਨਤ ਅਲੀ ਭਰਾਵਾਂ ਨੇ ਸ਼ਾਮ ਚੁਰਾਸੀ ਘਰਾਣੇ ਦੀ ਇਸ ਪਰੰਪਰਾ ਨੂੰ ਲਹਿੰਦੇ ਪੰਜਾਬ ਵਿਚ ਜਿਉਂਦੀ ਰੱਖਿਆ ਤੇ ਅਗਾਂਹ ਤੋਰਿਆ।

ਮੇਰੇ ਦਾਦਾ ਜੀ ਦੱਸਿਆ ਕਰਦੇ ਸੀ ਕਿ ਪੰਜਾਬ ਦੀ ਵੰਡ ਤੋਂ ਪਹਿਲਾਂ ਸਾਡੇ ਆਲੇ ਦੁਆਲੇ ਦੇ ਪਿੰਡਾਂ ਦੀ ਬਹੁਤੀ ਵਸੋਂ ਮੁਸਲਮਾਨਾਂ ਦੀ ਸੀ। ਇਹ ਵੀ ਦੱਸਦੇ ਸਨ ਕਿ ਵੰਡ ਹੋਣ ਤੋਂ ਪਹਿਲਾਂ ਪੰਜਾਬ ਦੇ ਤਿੰਨੇ ਪ੍ਰਮੁੱਖ ਫਿਰਕਿਆਂ, ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਨੇ ਕਦੀ ਸੋਚਿਆ ਵੀ ਨਹੀਂ ਸੀ ਕਿ ਪੰਜਾਬ ਦੇ ਟੁਕੜੇ ਹੋ ਜਾਣਗੇ। ਪੰਜਾਬੀਆਂ ਨੇ ਨਾ ਤਾਂ ਬਟਵਾਰੇ ਦੀ ਮੰਗ ਕੀਤੀ ਸੀ ਤੇ ਨਾ ਹੀ ਇਹਦੇ ਲਈ ਹੁੰਗਾਰਾ ਭਰਿਆ ਸੀ ਪਰ ਇਸ ਵੰਡ ਨਾਲ ਇਕ ਸੋਚ-ਵਲੂੰਧਰਦੇ ਪਾਗਲਪਣ ਦਾ ਝੱਖੜ ਝੁੱਲਿਆ ਤੇ ਭਰਮ ਭੁਲੇਖੇ, ਹਫੜਾ-ਦਫੜੀ, ਲੁੱਟਮਾਰ, ਉੱਥਲ-ਪੁੱਥਲ ਅਤੇ ਬਲਾਤਕਾਰਾਂ 'ਚ ਉਜਾਗਰ ਹੋਇਆ। ਇਸ ਅਜੀਬ ਪਾਗਲਪਣ ਦੀਆਂ ਕੌੜੀਆਂ ਯਾਦਾਂ, ਭਾਵੇਂ ਆਪ ਝੱਲੀਆਂ ਜਾਂ ਕਿਸੇ ਤੋਂ ਸੁਣੀਆਂ ਤਕਲੀਫ਼ਾਂ ਦੀਆਂ ਹੋਣ, ਅਜੇ ਤੀਕ ਉਨ੍ਹਾਂ ਸਾਰਿਆਂ ਨੂੰ, ਜਿਨ੍ਹਾਂ ਇਹ ਕਾਰੇ ਆਪ ਕੀਤੇ ਜਾਂ ਇਸ ਤੋਂ ਬਚੇ ਰਹਿ ਗਏ ਅਤੇ ਉਨ੍ਹਾਂ ਦੀਆਂ ਅਗਲੀਆਂ ਨਸਲਾਂ ਨੂੰ, ਵਾਰ-ਵਾਰ ਚੇਤੇ ਆਉਂਦੀਆਂ ਹਨ।

> ਅਣਕਿਆਸੇ ਬਟਵਾਰੇ, ਜਿਸ ਵਿਚ ਲਹਿੰਦਾ ਪੰਜਾਬ ਨਵੇਂ ਬਣੇ ਮੁਲਕ ਪਾਕਿਸਤਾਨ ਦਾ ਹਿੱਸਾ ਬਣ ਗਿਆ ਤੇ ਚੜ੍ਹਦਾ ਪੰਜਾਬ ਭਾਰਤ 'ਚ ਰਹਿ ਗਿਆ, ਨੇ ਲੋਕਾਂ ਨੂੰ ਇਕ ਤਬਾਹਕੁੰਨ ਉਜਾੜੇ ਲਈ ਇਸ ਤਰ੍ਹਾਂ ਮਜਬੂਰ ਕੀਤਾ ਕਿ ਉਹਦੇ ਨਾਲ ਆਪਸੀ ਕੜਵਾਹਟ ਤੇ ਪੁਰਾਣੀਆਂ ਦੁਸ਼ਮਣੀਆਂ ਹੋਰ ਗਹਿਰੀਆਂ ਹੋ ਗਈਆਂ। ਤਕਸੀਮ ਵੇਲੇ ਦੀ ਕਤਲੇਆਮ ਨੇ ਭੈਅ, ਡਰ, ਨਫ਼ਰਤ, ਦੁਸ਼ਮਣੀਆਂ ਤੇ ਹੋਰ ਨਾਕਾਰਾਤਮਕ ਬਿਰਤੀਆਂ ਨੂੰ ਜਨਮ ਦਿੱਤਾ, ਜਿਸ ਦਾ ਅਸਰ ਇਹਦਾ ਸੇਕ ਝੱਲਣ ਵਾਲੀਆਂ ਅਤੇ ਇਸ ਨੂੰ ਅੰਜ਼ਾਮ ਦੇਣ ਵਾਲੀਆਂ ਦੋਹਾਂ ਧਿਰਾਂ 'ਤੇ ਹੋਇਆ।

ਸਹਿਜੇ-ਸਹਿਜੇ ਹੀ ਸਹੀ ਪਰ ਪਿਛਲੀ ਸਦੀ ਦੇ ਬਾਅਦ ਪੰਜਾਬੀ ਲਗਾਤਾਰ ਮੌਖਿਕ ਸਭਿਆਚਾਰ ਤੋਂ ਕਿਸੇ ਹੱਦ ਤੀਕ ਪੜ੍ਹੇ ਲਿਖੇ ਮੁਆਸ਼ਰੇ ਵਿਚ ਤਬਦੀਲ ਹੋ ਗਏ। ਇਹ ਸਭ ਕੁਝ ਸਾਮਰਾਜੀ ਸਾਸ਼ਨ ਵਿਚ ਉੱਨੀਵੀਂ ਸਦੀ ਦੇ ਆਖ਼ਰਲੇ ਤੇ ਵੀਹਵੀਂ ਸਦੀ ਦੇ ਪਹਿਲੇ ਦਹਾਕਿਆਂ ਵਿਚ ਹੋਇਆ। ਜ਼ਾਹਿਰ ਹੈ ਕਿ ਇਹ ਗੱਲ ਭੁੱਲਣ ਵਾਲੀ ਨਹੀਂ, ਸਗੋਂ ਸਾਨੂੰ ਇਸ ਗੱਲ ਨੂੰ ਬਾਰ-ਬਾਰ ਚੇਤੇ ਕਰਨਾ ਚਾਹੀਦਾ ਹੈ ਕਿ ਬਦਲਾਅ ਦੇ ਇਸ ਇਤਿਹਾਸਕ ਦੌਰ ਨੇ ਕਈ ਜਟਿਲ ਅਤੇ ਅਣਕਿਆਸੇ ਮੰਜ਼ਰ ਪੇਸ਼ ਕੀਤੇ ਜਿਨ੍ਹਾਂ ਨੂੰ ਨਜਿੱਠਣ ਲਈ ਅਸੀਂ ਤਿਆਰ ਨਹੀਂ ਸਾਂ। ਪੜ੍ਹਨ-ਲਿਖਣ ਦੇ ਫੈਲਾਅ ਨਾਲ ਜਿਹੜੇ ਨਵੇਂ ਮੌਕੇ ਪੇਸ਼ ਕੀਤੇ, ਉਹ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੀ ਪ੍ਰਗਤੀ ਅਤੇ ਵਾਧੇ ਵਿਚ ਇਕ ਅਹਿਮ ਕਦਮ ਹੋ ਸਕਦੇ ਸੀ। ਮੰਦੇ ਭਾਗੀਂ, ਸਾਡੇ ਵਡੇਰਿਆਂ ਨੇ ਰਲ-ਮਿਲ ਕੇ ਬਿਨਾਂ ਸੋਚੇ ਵਿਚਾਰੇ ਹੀ ਇਸ ਸੰਭਾਵਨਾ ਨੂੰ ਆਫ਼ਤ ਬਣਾ ਕੇ ਰੱਖ ਦਿੱਤਾ।

ਇਨ੍ਹਾਂ ਸਮਿਆਂ ਵਿਚ ਤਿੰਨੇ ਫ਼ਿਰਕਿਆਂ ਦੇ ਸਮਾਜਕ ਅਤੇ ਧਾਰਮਿਕ ਆਗੂਆਂ ਨੇ ਆਪੋ-ਆਪਣੀਆਂ ਧਾਰਮਿਕ ਲਿਪੀਆਂ ਨੂੰ ਪੰਜਾਬੀ ਭਾਸ਼ਾ ਦੀ ਲਿਪੀ ਵਜੋਂ ਮੰਨਵਾਉਣ ਜਾਂ ਲਾਗੂ ਕਰਾਉਣ ਦੀ ਸਿਰ ਤੋੜ ਕੋਸ਼ਿਸ਼ ਕੀਤੀ। ਇਹ ਖਿੱਚ-ਧੂਹ ਅਤੇ ਦੁਸ਼ਮਣੀ ਇਸ ਹੱਦ ਤੀਕ ਆਪਸੀ ਰੰਜਸ਼ ਅਤੇ ਝਗੜੇ 'ਚ ਫੈਲੀ ਕਿ ਮੁਸਲਮਾਨ ਅਤੇ ਹਿੰਦੂ ਸ੍ਰੇਸ਼ਟ ਵਰਗ ਨੇ ਆਪਣੀ ਨਾਸਮਝੀ 'ਚ ਪੰਜਾਬੀ ਨੂੰ ਤਿਲਾਂਜਲੀ ਦਿੱਤੀ ਅਤੇ ਉਰਦੂ ਤੇ ਹਿੰਦੀ ਨੂੰ ਆਪਣੀਆਂ-ਆਪਣੀਆਂ ਭਾਸ਼ਾਵਾਂ ਵਜੋਂ ਸਮੋ ਲਿਆ। ਨਤੀਜੇ ਵਜੋਂ ਪੰਜਾਬੀ ਦਾ ਮੰਦਭਾਗ ਇਹ ਹੋਇਆ ਕਿ ਪੰਜਾਬੀ ਪੰਜਾਬ ਦੀ ਭਾਸ਼ਾ ਨਾ ਹੋ ਕੇ ਲਗਭਗ ਸਿੱਖਾਂ ਦੇ ਪੱਲੇ ਵਿਚ ਸਿਮਟ ਗਈ।ਬਹੁਸੰਮਤੀ ਦੇ ਵਿਚਾਰਾਂ ਨੂੰ ਤਰਜੀਹ ਦੇਣ ਦੇ ਪਰਜਾਤੰਤਰੀ ਸਿਧਾਂਤ ਦੀ ਆੜ ਵਿਚ ਬਸਤੀਵਾਦੀ ਪ੍ਰਸ਼ਾਸਨ ਨੇ ਸਕੂਲਾਂ ਵਿਚ ਤੇ ਦਫ਼ਤਰੀ ਕੰਮਕਾਜ ਦੀ ਭਾਸ਼ਾ 'ਚ ਉਰਦੂ ਲਾਗੂ ਕਰ ਦਿੱਤਾ। ਏਸ ਤਰ੍ਹਾਂ ਵਿਦਿਅਕ ਢਾਂਚੇ 'ਚ ਪੰਜਾਬੀ ਸਿੱਖਣ ਸਿਖਾਉਣ ਦਾ ਕੰਮ ਨਾ-ਮਾਤਰ ਹੀ ਰਹਿ ਗਿਆ।

ਅੰਗਰੇਜ਼ਾਂ ਦੇ ਜਾਣ ਅਤੇ ਪੰਜਾਬ ਦੀ ਵੰਡ ਪਿੱਛੋਂ ਚੜ੍ਹਦੇ ਪੰਜਾਬ ਦੇ ਹਿੰਦੂ ਤੇ ਸਿੱਖ ਨੇਤਾਵਾਂ ਵਿਚਾਲੇ ਪੰਜਾਬੀ ਭਾਸ਼ਾ ਦੀ ਢੁਕਵੀਂ ਲਿਪੀ ਦੇ ਮੁੱਦੇ ਨੇ ਫਿਰ ਸਿਰ ਚੁੱਕ ਲਿਆ। ਇਹ ਮੁੱਦਾ ਹਿੰਦੂ ਮੋਹਤਬਰਾਂ ਦੇ ਬੇ-ਬੁਨਿਆਦ ਦਾਅਵਿਆਂ ਦਾ ਸ੍ਰੋਤ ਬਣਿਆ ਅਤੇ ਸਿੱਟਾ ਇਹ ਨਿਕਲਿਆ ਕਿ 1966 'ਚ ਪੰਜਾਬ ਅਤੇ ਹਰਿਆਣਾ ਦੇ ਰੂਪ 'ਚ ਸੂਬੇ ਦਾ ਢਾਂਚਾ ਦੁਬਾਰਾ ਉਲੀਕਿਆ ਗਿਆ। ਦੂਜੇ ਪਾਸੇ ਪੂਰਬੀ ਪਾਕਿਸਤਾਨ ਵੱਲੋਂ ਭਾਰੀ ਵਿਰੋਧ ਦੇ ਬਾਵਜੂਦ ਉਰਦੂ ਨੂੰ ਪਾਕਿਸਤਾਨ ਦੀ ਸਰਕਾਰੀ ਭਾਸ਼ਾ ਵਜੋਂ ਲਾਗੂ ਕਰ ਦਿੱਤਾ ਗਿਆ ਅਤੇ ਲਹਿੰਦੇ ਪੰਜਾਬ ਵਿਚ ਉਰਦੂ ਹੀ ਸਿੱਖਿਆ ਅਤੇ ਪ੍ਰਸ਼ਾਸਨ ਦੀ ਭਾਸ਼ਾ ਬਣੀ ਰਹੀ।

ਲਹਿੰਦੇ ਪੰਜਾਬ 'ਚ ਪੰਜਾਬੀ ਭਾਸ਼ਾ ਅਤੇ ਸੰਸਕ੍ਰਿਤੀ ਦੇ ਮਸਲੇ ਨੇ ਬੰਗਲਾਦੇਸ਼ ਦੇ ਆਜ਼ਾਦ ਮੁਲਕ ਬਣਨ ਬਾਅਦ ਦੁਬਾਰਾ ਸਿਰ ਚੁੱਕਿਆ। ਬਾਕੀ ਬਚੀਆਂ ਪਾਕਿਸਤਾਨੀ ਉਪ-ਰਾਸ਼ਟਰੀ ਕੌਮਾਂ ਜਿਵੇਂ ਸਿੰਧੀ, ਬਲੋਚੀ ਅਤੇ ਪਖਤੂਨਾਂ ਨੇ ਵੀ ਆਪੋ-ਆਪਣੀ ਜ਼ੁਬਾਨ ਨੂੰ ਆਪਣੇ ਸੂਬਿਆਂ ਵਿਚ ਸਿੱਖਿਆ ਅਤੇ ਪ੍ਰਸ਼ਾਸਨ ਵਿਚ ਤਸਲੀਮ ਕਰਨ ਅਤੇ ਲਾਗੂ ਕਰਨ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਇਹ ਗੱਲ ਹਾਸੋਹੀਣੀ ਲੱਗੇਗੀ ਕਿ ਪਾਕਿਸਤਾਨ ਦੀ ਸਰਕਾਰੀ ਐਲਾਨੀਆ ਰਾਸ਼ਟਰ-ਭਾਸ਼ਾ ਉਰਦੂ, ਦਿੱਲੀ ਅਤੇ ਯੂ.ਪੀ. ਤੋਂ ਉੱਜੜ ਕੇ ਆਏ ਮੁਹਾਜ਼ਿਰਾਂ ਦੀ ਜ਼ੁਬਾਨ ਸੀ ਨਾ ਕਿ ਪਾਕਿਸਤਾਨ ਵਿਚ ਰਹਿੰਦੀ ਪੁਰਾਣੀ ਵਸੋਂ ਦੀ।

ਇਨ੍ਹਾਂ ਹਾਲਾਤਾਂ ਵਿਚ ਲਹਿੰਦੇ ਪੰਜਾਬ ਦੇ ਪੰਜਾਬੀਆਂ ਨੂੰ ਵੀ ਦੇਰ ਆਇਦ ਦਰੁਸਤ ਆਇਦ ਸੋਝੀ ਆਈ ਕਿ ਉਨ੍ਹਾਂ ਨੇ ਅਣਜਾਣੇ ਹੀ ਆਪਣੀ ਭਾਸ਼ਾ ਦਾ ਪਤਨ ਹੋਣ ਦਿੱਤਾ ਹੈ। ਪੰਜਾਬੀ ਭਾਸ਼ਾ ਅਤੇ ਸੰਸਕ੍ਰਿਤੀ ਬਾਰੇ ਇਸ ਦੇਰ ਨਾਲ ਕੀਤੇ ਫ਼ਿਕਰ ਨੇ ਜ਼ੋਰ ਫੜ੍ਹਿਆ, ਜਿਸ ਸਦਕੇ ਸੱਤਰਵਿਆਂ ਵਿਚ ਪੱਛਮੀ ਪਾਕਿਸਤਾਨ ਦੇ ਲਹਿੰਦੇ ਪੰਜਾਬ ਵਿਚ ਲੋਕ ਵਿਰਸਾ

ਲਹਿਰਾਂ ਸ਼ੁਰੂ ਹੋਈਆਂ ਤਾਂ ਜੋ ਪੰਜਾਬੀ ਬੋਲੀ ਨੂੰ, ਆਪਣੀ ਬਣਦੀ ਥਾਂ ਫਿਰ ਦੁਆਈ ਜਾ ਸਕੇ। ਇਹ ਲਹਿਰ ਭਾਵੇਂ ਹੌਲੀ ਹੌਲੀ ਵਧੀ ਪਰ ਇਹ ਸਹਿਜੇ-ਸਹਿਜੇ ਆਪਣੇ ਮੁੱਖ ਮੰਤਵਾਂ ਨੂੰ ਇਸ ਸਦੀ ਦੇ ਸ਼ੁਰੂ ਤਕ ਪ੍ਰਾਪਤ ਕਰਨ ਵਿਚ ਸਫ਼ਲ ਹੋਈ। ਚੰਗਾ ਨਤੀਜਾ ਇਹ ਹੋਇਆ ਕਿ ਪਾਕਿਸਤਾਨੀ ਪੰਜਾਬ ਦੀ ਸੂਬਾ ਅਸੈਂਬਲੀ ਵਿਚ ਪੰਜਾਬੀ ਬੋਲਣਾ ਹੁਣ ਅਪਰਾਧ ਨਹੀਂ ਰਿਹਾ। ਲਹਿੰਦੇ ਪੰਜਾਬ ਦੇ ਸਕੂਲਾਂ ਵਿਚ ਤੀਸਰੀ ਜਮਾਤ ਤੋਂ ਸ਼ਾਹਮੁਖੀ ਲਿਪੀ 'ਚ ਪੰਜਾਬੀ ਪੜ੍ਹਾਉਣ ਲਈ ਕਦਮ ਚੁੱਕੇ ਜਾ ਰਹੇ ਹਨ।

ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਵੀਹਵੀਂ ਸਦੀ ਪੰਜਾਬੀ ਭਾਸ਼ਾ, ਸਭਿਆਚਾਰ ਅਤੇ ਅਵਾਮ ਲਈ ਦੁਖਾਂਤਾਂ ਦੀ ਸਦੀ ਸੀ। ਪੰਜਾਬੀਆਂ ਦੇ ਸਿਰਫ਼ ਆਪਣੇ ਆਪ ਨੂੰ ਇਕ ਲਿਪੀ ਦੇ ਮੁੱਦੇ 'ਤੇ ਹੀ ਨਹੀਂ ਵੰਡਿਆ, ਗੱਲ ਇਥੋਂ ਤਕ ਵਧੀ ਕਿ ਮੁਸਲਮਾਨਾਂ ਤੇ ਹਿੰਦੂਆਂ ਦੇ ਕੁਝ ਸਮੂਹਾਂ ਨੇ ਆਪਣੀ ਪਸੰਦੀਦਾ ਲਿਪੀ ਦੇ ਫ਼ਾਇਦੇ ਲਈ, ਆਪਣੀ ਭਾਸ਼ਾ ਨੂੰ ਹੀ ਤਿਲਾਂਜਲੀ ਦੇ ਦਿੱਤੀ। ਇਸ ਸੋਚੀ ਸਮਝੀ ਦੁਸ਼ਮਣੀ ਦਾ ਮਾੜਾ ਅਸਰ ਆਪਣੇ ਅੱਡ-ਅੱਡ ਨਕਸ਼ਾਂ ਅਤੇ ਬਹਾਨਿਆਂ ਦੇ ਰੂਪ ਵਿਚ ਅਜੇ ਤਕ ਕਾਇਮ ਹੈ। ਕਿਸੇ ਵੀ ਧਰਮ ਨਾਲ ਸੰਬੰਧ ਰੱਖਣ ਵਾਲੇ ਅਤੇ ਸਰਹੱਦ ਦੇ ਦੋਵੇਂ ਪਾਸਿਆਂ ਦੇ ਪੰਜਾਬੀਆਂ ਨੂੰ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨੂੰ ਭਵਿੱਖ ਵਿਚ ਅਧੋਗਤੀ ਅਤੇ ਢਾਹ ਲੱਗਣ ਤੋਂ ਬਚਾਉਣ ਲਈ ਸਾਂਝੇ ਯਤਨ ਕਰਨੇ ਪੈਣਗੇ, ਖ਼ਾਸ ਤੌਰ 'ਤੇ ਇਸ ਸੱਚ ਨੂੰ ਮੱਦੇਨਜ਼ਰ ਰੱਖਦਿਆਂ ਕਿ ਵਿਸ਼ਵੀਕਰਨ ਅਤੇ ਆਰਥਿਕ ਪ੍ਰਗਤੀ ਕਰਕੇ ਦੂਸਰੀਆਂ ਬੋਲੀਆਂ ਦਾ ਅਸਰ ਵਧ ਗਿਆ ਹੈ।

ਇਸ ਅਣਕਿਆਸੇ ਬਟਵਾਰੇ, ਜਿਸ ਵਿਚ ਲਹਿੰਦਾ ਪੰਜਾਬ ਨਵੇਂ ਬਣੇ ਮੁਲਕ ਪਾਕਿਸਤਾਨ ਦਾ ਹਿੱਸਾ ਬਣ ਗਿਆ ਤੇ ਚੜ੍ਹਦਾ ਪੰਜਾਬ ਭਾਰਤ 'ਚ ਰਹਿ ਗਿਆ, ਨੇ ਲੋਕਾਂ ਨੂੰ ਇਕ ਤਬਾਹਕੁੰਨ ਉਜਾੜੇ ਲਈ ਇਸ ਤਰ੍ਹਾਂ ਮਜਬੂਰ ਕੀਤਾ ਕਿ ਉਹਦੇ ਨਾਲ ਆਪਸੀ ਕੜਵਾਹਟ ਤੇ ਪੁਰਾਣੀਆਂ ਦੁਸ਼ਮਣੀਆਂ ਹੋਰ ਗਹਿਰੀਆਂ ਹੋ ਗਈਆਂ। ਤਕਸੀਮ ਵੇਲੇ ਦੀ ਕਤਲੇਆਮ ਨੇ ਭੈਅ, ਡਰ, ਨਫ਼ਰਤ, ਦੁਸ਼ਮਣੀਆਂ ਤੇ ਹੋਰ ਨਾਕਾਰਾਤਮਕ ਬਿਰਤੀਆਂ ਨੂੰ ਜਨਮ ਦਿੱਤਾ, ਜਿਸ ਦਾ ਅਸਰ ਇਹਦਾ ਸੇਕ ਝੱਲਣ ਵਾਲੀਆਂ ਅਤੇ ਇਸ ਨੂੰ ਅੰਜ਼ਾਮ ਦੇਣ ਵਾਲੀਆਂ ਦੋਹਾਂ ਧਿਰਾਂ 'ਤੇ ਹੋਇਆ। ਬੇ-ਉਮੀਦੀ ਅਤੇ ਕਮਲਪਣ ਦੀਆਂ ਗਹਿਰਾਈਆਂ ਵਿਚ, ਹੱਦ ਦੇ ਦੋਵੇਂ ਪਾਸੀਂ ਇਕ ਦੂਸਰੇ ਨੂੰ ਇੰਜ ਵੇਖਿਆ ਤੇ ਦਰਸਾਇਆ ਜਾਂਦਾ ਰਿਹਾ ਹੈ ਜਿਵੇਂ ਉਹ ਸਭ ਤੋਂ ਵੱਡਾ ਤੇ ਖ਼ਤਰਨਾਕ ਦੁਸ਼ਮਣ ਹੋਵੇ। ਜੀਹਨੂੰ ਜਿੰਨੀ ਛੇਤੀ ਤੇ ਜਿੰਨੇ ਜ਼ੋਰ ਨਾਲ ਹੋ ਸਕੇ ਖ਼ਤਮ ਕਰਨਾ ਹੈ।

ਸਾਡੇ ਪਾਸੇ ਸਾਨੂੰ ਸਕੂਲਾਂ 'ਚ ਪੜ੍ਹਾਇਆ ਜਾਂਦਾ ਸੀ ਕਿ ਸਾਡੇ ਮਹਾਨ ਮੁਲਕ ਨੂੰ ਮੁਸਲਮਾਨਾਂ ਨੇ ਦੋ ਟੋਟੇ ਕੀਤਾ ਸੀ, ਦੋ ਵਿਰੋਧੀ ਖਿੱਤਿਆਂ 'ਚ ਵੰਡਿਆ, ਜਿਨ੍ਹਾਂ ਦੀ ਹੋਂਦ ਦੂਸਰੇ ਦੇ ਖ਼ਾਤਮੇ 'ਤੇ ਟਿਕੀ ਹੋਈ ਹੈ। ਇਸ ਗੱਲ ਦਾ ਕਦੀ ਕਿਸੇ ਜ਼ਿਕਰ ਨਹੀਂ ਕੀਤਾ ਕਿ ਮੁਲਕ ਦੀ ਵੰਡ ਭਾਰਤੀ ਨੈਸ਼ਨਲ ਕਾਂਗਰਸ ਅਤੇ ਮੁਸਲਮ ਲੀਗ ਦੇ ਨੇਤਾਵਾਂ ਵਿਚਕਾਰ ਸਮਝੌਤੇ ਦਾ ਨਤੀਜਾ ਸੀ। ਇਹ ਪੰਜਾਬੀ ਹੀ ਸਨ ਜਿਨ੍ਹਾਂ ਨੂੰ ਆਪਣੀ ਭੋਇੰ, ਭਾਸ਼ਾ ਅਤੇ ਸਭਿਆਚਾਰ ਦੇ ਬਟਵਾਰੇ ਨੂੰ ਝੱਲਣਾ ਪਿਆ। ਸ਼ਾਇਦ ਬੰਗਾਲ ਅਤੇ ਕਸ਼ਮੀਰ ਬਾਰੇ ਵੀ ਇਹ ਗੱਲ ਓਨੀ ਹੀ ਠੀਕ ਹੈ। ਉਂਝ ਇਹ ਵੀ ਸੱਚ ਹੈ ਕਿ ਭਾਰਤੀ ਉਪ-ਮਹਾਂਦੀਪ ਦੇ ਬਾਕੀ ਖਿੱਤਿਆਂ ਦੇ ਲੋਕਾਂ ਨੂੰ ਵੀ ਵੱਡੀ ਗਿਣਤੀ 'ਚ ਆਪਣੇ ਘਰ ਬਾਰ ਛੱਡਣੇ ਪਏ ਅਤੇ ਤਕਲੀਫ਼ਾਂ ਸਰਕਾਰੀ ਅਤੇ ਸਮਾਜਕ ਤੌਰ 'ਤੇ ਪਾਕਿਸਤਾਨੀ ਮੁਸਲਮਾਨ ਦਾ ਘੜਿਆ ਘੜਾਇਆ ਚਿਹਰਾ ਇਕ ਜ਼ਾਲਮ ਹੈ, ਤੁਹਾਡੇ 'ਤੇ ਹਮੇਸ਼ਾ ਨਜ਼ਰ ਰੱਖਣ ਵਾਲਾ ਇਕ ਘੁਸਪੈਠੀਆ, ਜੋ ਜਿਹੜਾ ਵੀ ਉਹਦੇ ਰਾਹ 'ਚ ਆਏ ਉਹਨੂੰ ਮਾਰ ਕੇ ਨੇਸਤੋ-ਨਾਬੂਦ ਕਰ ਦੇਵੋ।

ਪਿੰਡ ਵਿਚ ਪ੍ਰਾਇਮਰੀ ਸਕੂਲ ਤੋਂ ਅਗਾਂਹ ਦੀ ਪੜ੍ਹਾਈ ਨਾ ਹੋਣ ਕਾਰਨ ਅਗੇਰੇ ਪੜ੍ਹਾਈ ਲਈ ਮੈਨੂੰ ਪਿੰਡੋਂ ਸ਼ਹਿਰ ਘਲਾ ਦਿੱਤਾ। ਜਲੰਧਰ 'ਚ ਸਾਡਾ ਘਰ, ਬਾਜ਼ਾਰ ਨੌਹਾਰੀਆਂ 'ਚ ਸੀ। ਬਾਜ਼ਾਰ ਦੇ ਆਖ਼ਰ 'ਚ ਇਮਾਮ ਨਸੀਰ ਦੇ ਮਕਬਰੇ ਦੇ ਲੰਮੇ-

‘

ਸੱਠਵਿਆਂ ਦੇ ਸ਼ੁਰੂ 'ਚ ਸਾਡਾ ਇਕ ਰਿਸ਼ਤੇਦਾਰ ਝਬਾਲ (ਜ਼ਿਲ੍ਹਾ ਤਰਨ ਤਾਰਨ) 'ਚ ਡੰਗਰ-ਡਾਕਟਰ ਸੀ। ਝਬਾਲ ਭਾਰਤ-ਪਾਕਿ ਸਰਹੱਦ ਦੇ ਨੇੜੇ ਹੀ ਹੈ। ਬਾਅਦ 'ਚ ਲੱਗੀ ਕੰਡੇਦਾਰ ਤਾਰ ਤੋਂ ਪਹਿਲਾਂ ਉਨ੍ਹੀਂ ਦਿਨੀਂ ਸਰਹੱਦਾਂ ਜ਼ਮੀਨ 'ਤੇ ਦਿਸਦੀਆਂ ਨਹੀਂ ਸਨ। ਦਿਸਦੇ ਸਨ ਤਾਂ ਸਿਰਫ਼ ਫ਼ੌਜੀ ਜਿਨ੍ਹਾਂ ਨੇ ਪੋਸਟਾਂ 'ਚ ਤੈਨਾਤ ਰਹਿਣਾ ਸੀ ਤੇ ਗਾਰਡ ਡਿਊਟੀ ਦੇਣੀ ਸੀ ਸਰਹੱਦੋਂ ਪਾਰ ਦੇ ਲੋਕ ਸਾਡੇ ਵਾਲੇ ਪਾਸੇ ਆਪਣੇ ਢੋਰਾਂ ਨੂੰ ਇਲਾਜ ਲਈ ਲੈ ਆਉਂਦੇ ਕਿਉਂਕਿ ਇਹ ਸੌਖਾ ਪੈਂਦਾ ਸੀ। ਆਪਸੀ ਰੰਜਸ਼ ਜਾਂ ਦੁਸ਼ਮਣੀ ਜਾਂ ਲਾਗਤਬਾਜ਼ੀ ਦਾ ਕੋਈ ਨਾਮੋ-ਨਿਸ਼ਾਨ ਨਹੀਂ ਸੀ।

’

ਸਲੰਮੇ, ਸੁੰਦਰ ਅਤੇ ਪ੍ਰਭਾਵਸ਼ਾਲੀ ਮਿਨਾਰ ਦਿਸਦੇ ਸਨ। ਸੱਠਵਿਆਂ ਦੇ ਅੱਧ ਤੀਕਰ, ਹਰ ਦੂਜੇ ਸਾਲ ਸ਼ਰਧਾਲੂਆਂ ਦੇ ਹਜੂਮ ਬਾਰਡਰ ਪਾਰੋਂ ਆਉਂਦੇ ਸਨ। ਇਮਾਨ ਨਸੀਰ ਦੇ ਉਰਸ 'ਤੇ ਉਹਨੂੰ ਸਿਜਦਾ ਕਰਨ। ਸ਼ਰਧਾਲੂਆਂ 'ਚ ਮੇਰੇ ਦਾਦਾ ਜੀ ਦੇ ਯਾਰ ਬੇਲੀ ਵੀ ਹੁੰਦੇ ਜਿਹੜੇ ਸਾਡੇ ਘਰ ਆਉਂਦੇ। ਦੋਸਤੀ, ਮੋਹ, ਵਿਗੋਚਿਆਂ ਦੀਆਂ ਗੱਲਾਂ ਅਤੇ ਨਾਯਾਬ ਤੋਹਫ਼ੇ ਸਾਡੇ ਨਾਲ ਸਾਂਝੇ ਕਰਨ। ਉਨ੍ਹਾਂ ਦਾ ਨਿੱਘ, ਖ਼ਲੂਸ, ਹੁੱਬ ਤੇ ਦੋਸਤੀ ਮੈਨੂੰ ਭੰਬਲ-ਭੂਸਿਆਂ 'ਚ ਪਾ ਦੇਂਦੀ ਕਿਉਂਕਿ ਉਨ੍ਹਾਂ ਦਾ ਵਤੀਰਾ ਉਸ ਸਭ ਕੁਝ ਦੇ ਬਿਲਕੁਲ ਉਲਟ ਸੀ ਜੋ ਸਾਨੂੰ ਸਕੂਲਾਂ 'ਚ ਪੜ੍ਹਾਇਆ ਅਤੇ ਅਖ਼ਬਾਰਾਂ 'ਚ ਦਰਸਾਇਆ ਜਾਂਦਾ ਸੀ।

ਚੜ੍ਹਦੇ ਪੰਜਾਬ ਦੇ ਮੁੱਖਧਾਰਾ ਦੇ ਪ੍ਰਚਾਰ-ਸਾਧਨਾਂ 'ਚ ਆਮ ਪਾਕਿਸਤਾਨੀ ਮੁਸਲਮਾਨ ਦਾ ਘੜਿਆ ਘੜਾਇਆ ਮੁਹਾਂਦਰਾ ਇੰਤਹਾਈ ਮਨਫ਼ੀ ਸੀ ਪਰ ਜਿਹੜੇ ਲੋਕਾਂ ਨਾਲ ਮੈਨੂੰ ਮਿਲਣ ਦੇ ਮੌਕੇ ਮਿਲੇ, ਉਹ ਕਾਬਲੇ-ਤਾਰੀਫ਼ ਅਤੇ ਕਾਬਲੇ-ਰਸ਼ਕ ਸਨ। ਇਨ੍ਹਾਂ ਪਰਸਪਰ ਵਿਰੋਧੀ ਭਾਵਨਾਵਾਂ ਅਤੇ ਪ੍ਰਤੀਬਿੰਬਾਂ ਨੇ ਇਕ ਪ੍ਰਬਲ ਇੱਛਾ ਨੂੰ ਜਨਮ ਦਿੱਤਾ ਕਿ ਸਰਹੱਦ ਪਾਰ ਜਾ ਕੇ ਮੈਂ ਆਪ ਸਭ ਕੁਝ ਵੇਖ ਕੇ ਆਵਾਂ। ਕਿਸੇ ਇਹੋ ਜਿਹੇ ਸਕੇ ਸੰਬੰਧੀ ਜਿਨ੍ਹਾਂ ਨੂੰ ਜਬਰਨ ਲਹਿੰਦੇ ਪੰਜਾਬ 'ਚੋਂ ਬਾਹਰ ਕੱਢਿਆ ਗਿਆ ਹੋਵੇ, ਦੇ ਤਜਰਬਿਆਂ ਤੋਂ ਬਗ਼ੈਰ ਹੀ ਮੈਂ ਜਵਾਨ ਹੋਇਆ ਸਾਂ। ਸਿੱਟੇ ਵਜੋਂ ਪਾਕਿਸਤਾਨ ਜਾਣ ਦੀ ਮੇਰੀ ਖ਼ਾਹਿਸ਼, ਪੁਰਖਿਆਂ ਦੀ ਧਰਤੀ ਨੂੰ ਵਾਪਸ ਜਾਣ ਦੀ ਨਹੀਂ ਸੀ। ਜਿਵੇਂ ਕਿ ਲਹਿੰਦੇ ਪੰਜਾਬ 'ਚੋਂ ਉੱਜੜ ਕੇ ਆਏ ਪਰਿਵਾਰਾਂ ਦੇ ਕਈ ਵਾਰਸਾਂ ਦੀ ਸੀ। ਘਰੋਂ ਬੇਘਰ ਹੋਣ ਦੀ ਬਦਕਿਸਮਤੀ ਨੂੰ ਹੰਢਾਉਣ ਤੋਂ ਬਿਨਾਂ ਵੀ ਮੈਂ ਉਹ ਦਿਲ ਹਿਲਾਊ ਕਿੱਸੇ ਸੁਣੇ ਨੇ, ਜਿਨ੍ਹਾਂ 'ਚ ਮੁਸਲਮਾਨਾਂ ਨੂੰ 'ਤਕਸੀਮ' ਦੇ ਵੇਲੇ ਚੜ੍ਹਦਾ ਪੰਜਾਬ ਛੱਡਣਾ ਪਿਆ। ਮੈਂ ਕਈ ਵਾਰੀ ਸੋਚਦਾ ਸੀ ਕਿ ਹੱਦੋਂ ਪਾਰ ਦੇ ਨਾਲ ਦੇ ਪੰਜਾਬੀ ਵੀ ਸਾਡੇ ਬਾਰੇ ਇੰਞ ਦੀਆਂ ਹੀ ਨਕਾਰਾਤਮਕ ਸੋਚਾਂ ਲੈ ਗਏ ਹੋਣਗੇ।

ਸੱਠਵਿਆਂ ਦੇ ਸ਼ੁਰੂ 'ਚ ਸਾਡਾ ਇਕ ਰਿਸ਼ਤੇਦਾਰ ਝਬਾਲ (ਜ਼ਿਲ੍ਹਾ ਤਰਨ ਤਾਰਨ) 'ਚ ਡੰਗਰ-ਡਾਕਟਰ ਸੀ। ਝਬਾਲ ਭਾਰਤ-ਪਾਕਿ ਸਰਹੱਦ ਦੇ ਨੇੜੇ ਹੀ ਹੈ। ਬਾਅਦ 'ਚ ਲੱਗੀ ਕੰਡੇਦਾਰ ਤਾਰ ਤੋਂ ਪਹਿਲਾਂ ਉਨ੍ਹੀਂ ਦਿਨੀਂ ਸਰਹੱਦਾਂ ਜ਼ਮੀਨ 'ਤੇ ਦਿਸਦੀਆਂ ਨਹੀਂ ਸਨ। ਦਿਸਦੇ ਸਨ ਤਾਂ ਸਿਰਫ਼ ਫ਼ੌਜੀ ਜਿਨ੍ਹਾਂ ਨੇ ਪੋਸਟਾਂ 'ਚ ਤੈਨਾਤ ਰਹਿਣਾ ਸੀ ਤੇ ਗਾਰਡ ਡਿਊਟੀ ਦੇਣੀ ਸੀ। ਸਰਹੱਦੋਂ ਪਾਰ ਦੇ ਲੋਕ ਸਾਡੇ ਵਾਲੇ ਪਾਸੇ ਆਪਣੇ ਢੋਰਾਂ ਨੂੰ ਇਲਾਜ ਲਈ ਲੈ ਆਉਂਦੇ ਕਿਉਂਕਿ ਇਹ ਸੌਖਾ ਪੈਂਦਾ ਸੀ। ਆਪਸੀ ਰੰਜਸ਼ ਜਾਂ ਦੁਸ਼ਮਣੀ ਜਾਂ ਲਾਗਤਬਾਜ਼ੀ ਦਾ ਕੋਈ ਨਾਮੋ-ਨਿਸ਼ਾਨ ਨਹੀਂ ਸੀ। ਪਹਿਰਾਵੇ ਤੇ ਬੋਲਣ ਦੇ ਵੱਖਰੇ ਅੰਦਾਜ਼ ਬਾਝੋਂ ਸਾਡੇ 'ਚ ਕੋਈ ਫ਼ਰਕ ਨਹੀਂ ਸੀ।

ਸਕੂਲ ਦੇ ਦਿਨਾਂ 'ਚ ਮੇਰੀ ਰੁਚੀ ਸੰਗੀਤ, ਸਾਹਿਤ 'ਚ ਹੋਣ ਕਰਕੇ ਮੈਨੂੰ ਸੋਝੀ ਆਈ ਕਿ ਵੰਡ ਤੋਂ ਪਹਿਲਾਂ ਦੇ ਪੰਜਾਬ ਦੇ ਰਲਵੇਂ-ਮਿਲਵੇਂ ਸਭਿਆਚਾਰ ਨੂੰ ਉਤਸ਼ਾਹ ਨਾਲ ਤਸਲੀਮ ਕੀਤਿਓਂ ਬਿਨਾਂ ਸਾਡੀ ਸਾਹਿਤਕ, ਸੰਗੀਤਕ ਅਤੇ ਸਭਿਆਚਾਰਕ ਵਿਰਾਸਤ ਦਾ ਤਸੱਵੁਰ ਹੀ ਮੁਸ਼ਕਿਲ ਹੈ। ਵੱਖ-ਵੱਖ ਸ੍ਰੋਤਾਂ ਅਤੇ ਰਵਾਇਤਾਂ ਤੋਂ ਸਾਕਾਰਾਤਮਕ ਤੱਤਾਂ ਨੂੰ ਲੈ ਕੇ ਸਿੱਖ ਗੁਰੂਆਂ ਅਤੇ ਸੂਫ਼ੀਆਂ ਨੇ ਇਕ ਉਸਾਰੂ ਸੁਮੇਲ ਦਾ ਰਾਹ ਦਿਖਾਇਆ ਤਾਂ ਜੋ ਇਨਸਾਨਾਂ ਵਿਚਕਾਰ ਸਾਂਝੀਵਾਲਤਾ ਅਤੇ ਇਕਜੁਟਤਾ ਦੇ ਵਿਚਾਰਾਂ ਤੇ ਭਾਵਨਾਵਾਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਉਨ੍ਹਾਂ ਜਾਤ-ਪਾਤ, ਲਿੰਗ ਅਤੇ ਧਰਮ ਦੀਆਂ ਹੱਦਬੰਦੀਆਂ ਅਤੇ ਅੱਡ-ਅੱਡ ਕਰਦੀਆਂ ਵੰਡਾਂ ਨੂੰ ਵੰਗਾਰਿਆ। ਸੰਗੀਤਮਈ ਕਵਿਤਾ 'ਚ ਢਲੇ ਉਨ੍ਹਾਂ ਦੇ ਸੁਨੇਹੇ ਨੇ ਸਦੀਆਂ ਤਕ ਪੰਜਾਬੀਆਂ ਵਿਚ ਸਾਂਝੀਵਾਲਤਾ ਦੀ ਰੂਹ ਰਮਾਈ ਰੱਖੀ। ਜੇ ਰਾਜਨੀਤਕ ਹੱਦਾਂ ਦੇ ਦੋਹੇਂ ਪਾਸਿਓਂ, ਦੋਹਾਂ ਪੰਜਾਬਾਂ ਦੇ ਵੱਡੀ ਗਿਣਤੀ 'ਚ ਲੋਕ ਇਸ ਸਾਂਝੇ ਵਿਰਸੇ ਨੂੰ ਉਤਸ਼ਾਹ ਨਾਲ ਨਹੀਂ ਸਵੀਕਾਰਦੇ ਤਾਂ ਇਹ ਸਾਂਝ ਦੀ ਰੂਹ ਗਰੀਬੜੀ ਤੇ ਨਿਮਾਣੀ ਹੀ ਨਹੀਂ ਹੋਏਗੀ ਸਗੋਂ ਹਮੇਸ਼ਾ ਲਈ ਖ਼ੌਫ਼ ਦਾ ਸ਼ਿਕਾਰ ਰਹੇਗੀ।

ਮੇਰੀ ਪਾਕਿਸਤਾਨ ਜਾਣ ਦੀ ਆਸ ਨੂੰ ਬੂਰ ਉਸ ਵੇਲੇ ਪੈਣ ਦੀ ਆਸ ਬੱਝੀ ਜਦੋਂ ਸੰਨ 1997 ਵਿਚ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਫ਼ਿਲਾਸਫ਼ੀ ਡਿਪਾਰਟਮੈਂਟ (ਵਿਭਾਗ) ਦੇ ਮੁਖੀਆ ਪ੍ਰੋ. ਗਜ਼ਾਲਾ ਇਰਫ਼ਾਨ ਨੇ ਚੰਡੀਗੜ੍ਹ ਤੇ ਲਾਹੌਰ ਦੇ ਫ਼ਿਲਾਸਫ਼ੀ ਡਿਪਾਰਟਮੈਂਟ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਦੀ ਦੋ ਦਿਨਾਂ ਦੀ ਕਾਨਫ਼ਰੰਸ ਕਰਨ ਬਾਰੇ ਸਾਨੂੰ ਚੰਡੀਗੜ੍ਹ ਇਕ ਚਿੱਠੀ ਭੇਜੀ ਸੀ। ਮੈਂ ਉਦੋਂ ਚੰਡੀਗੜ੍ਹ ਵਿਚ ਫ਼ਿਲਾਸਫ਼ੀ ਡਿਪਾਰਟਮੈਂਟ ਦਾ ਮੁਖੀਆ ਸੀ ਅਤੇ ਮੈਂ ਇਸ ਬਾਰੇ ਆਪਣੇ ਵਾਈਸ ਚਾਂਸਲਰ ਨਾਲ ਚਰਚਾ ਕੀਤੀ। ਉਹ ਇਸ ਬਾਰੇ ਬੜੇ ਉਤਸ਼ਾਹੀ ਸਨ ਅਤੇ ਆਪ ਵੀ ਸਾਡੇ ਨਾਲ ਲਾਹੌਰ ਜਾਣ ਦੇ ਚਾਹਵਾਨ ਸਨ। ਕੋਈ ਦੋ ਮਹੀਨੇ ਦੀ ਖ਼ਤੋ-ਖ਼ਿਤਾਬਤ ਬਾਅਦ ਇੰਞ ਜਾਪ ਰਿਹਾ ਸੀ ਕਿ ਅਸੀਂ ਸਤਾਨਵੇਂ ਦਸੰਬਰ ਵਿਚ ਲਾਹੌਰ ਜਾ ਸਕਾਂਗੇ। ਸਾਡੇ ਡਿਪਾਰਟਮੈਂਟ ਨੇ ਲਾਹੌਰ ਦੇ ਡਿਪਾਰਟਮੈਂਟ ਨੂੰ ਵੀਹ ਨਾਵਾਂ ਦੀ ਸੂਚੀ ਭੇਜੀ ਤਾਂ ਜੋ ਉਹ ਆਪਣੀ ਸਰਕਾਰ ਤੋਂ ਸਾਨੂੰ ਵੀਜ਼ਾ ਦਿਵਾਉਣ ਦਾ ਪ੍ਰਬੰਧ ਕਰ ਸਕਣ। ਮੈਨੂੰ ਆਸ ਸੀ ਕਿ ਸਾਰੇ ਨਾਵਾਂ ਨੂੰ ਪ੍ਰਵਾਨਗੀ ਮਿਲ ਜਾਵੇਗੀ। ਪਰ ਜਦੋਂ ਅਸੀਂ ਦਿੱਲੀ ਵਿਖੇ ਪਾਕਿਸਤਾਨੀ ਹਾਈ ਕਮਿਸ਼ਨ ਕੋਲ ਵੀਜ਼ੇ ਵਾਸਤੇ ਸੰਪਰਕ ਕੀਤਾ ਤਾਂ ਪਤਾ ਚੱਲਿਆ ਕਿ ਸਿਰਫ਼ ਪੰਜਾ ਨਾਵਾਂ ਲਈ ਹੀ ਹੁੰਗਾਰਾ ਮਿਲਿਆ ਹੈ। ਨਤੀਜਾ ਇਹ ਹੋਇਆ ਕਿ ਸਾਡੇ ਵਿਚੋਂ ਕੋਈ ਵੀ ਨਾ ਜਾ ਸਕਿਆ। ਇਸ ਪ੍ਰੋਗਰਾਮ ਦੇ ਰੱਦ ਹੋਣ ਦਾ ਅਫ਼ਸੋਸ ਗਜ਼ਾਲਾ ਇਰਫ਼ਾਨ ਨੂੰ, ਸਾਡੇ ਤੋਂ ਵੀ ਜ਼ਿਆਦਾ ਸੀ। ਆਲਮੀ ਦੁਨੀਆ ਫ਼ਿਲਾਸਫ਼ੀ ਕਾਨਫ਼ਰੰਸ ਇਸਤੰਬੋਲ ਵਿਚ ਗਜ਼ਾਲਾ ਨੇ ਮੈਨੂੰ ਦੱਸਿਆ ਕਿ ਸਾਡੀ ਗ਼ਲਤੀ ਇਹ ਸੀ ਕਿ ਅਸੀਂ

ਆਪਣੇ ਵਫ਼ਦ ਵਿਚ ਚਾਰ ਨਾਂ ਉਹ ਦੇ ਦਿੱਤੇ ਸਨ ਜਿਹੜੇ ਯੂਨੀਵਰਸਿਟੀ ਦੇ ਹੋਰਨਾਂ ਵਿਭਾਗਾਂ ਦੇ ਅਧਿਆਪਕ ਸਨ। ਇਸੇ ਕਾਰਨ ਬਾਕੀਆਂ ਦਾ ਵੀ ਨੁਕਸਾਨ ਹੋ ਗਿਆ।

ਬਾਅਦ ਵਿਚ ਜਨਵਰੀ 2004 'ਚ ਮੈਨੂੰ ਮੁੱਖ ਮੰਤਰੀ ਅਮਰਿੰਦਰ ਸਿੰਘ ਹੁਰਾਂ ਦੇ ਵਫ਼ਦ ਵਿਚ ਲਾਹੌਰ ਜਾਣ ਦਾ ਅਵਸਰ ਮਿਲਿਆ। ਸਾਡਾ ਵਫ਼ਦ ਤਕਰੀਬਨ 100 ਬੰਦਿਆਂ ਦਾ ਸੀ। ਇਹ ਵਫ਼ਦ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਪਰਵੇਜ਼ ਇਲਾਹੀ ਦੇ ਸੱਦੇ 'ਤੇ ਆਲਮੀ ਪੰਜਾਬੀ ਕਾਨਫ਼ਰੰਸ ਵਿਚ ਸਮੂਲੀਅਤ ਲਈ ਲਾਹੌਰ ਪੁੱਜਿਆ ਸੀ। ਇਸ ਵਿਚ ਯੂਨੀਵਰਸਿਟੀਆਂ ਤੇ ਕਾਲਜਾਂ ਦੇ ਅਧਿਆਪਕ, ਪੱਤਰਕਾਰ, ਸਾਹਿਤਕਾਰ, ਵਪਾਰੀ, ਕਾਰਖਾਨੇਦਾਰ ਅਤੇ ਸਰਕਾਰੀ ਅਫ਼ਸਰ ਸ਼ਾਮਿਲ ਸਨ। ਹਾਲਾਂਕਿ ਸਾਡਾ ਵੀਜ਼ਾ ਗਰੁੱਪ ਵੀਜ਼ਾ ਸੀ ਤੇ ਸਿਰਫ਼ ਲਾਹੌਰ ਵਾਸਤੇ ਹੀ ਸੀ ਪਰ ਪਰਵੇਜ਼ ਇਲਾਹੀ ਹੁਰਾਂ ਦੀ ਦਰਿਆਦਿਲੀ ਨਾਲ ਸਾਨੂੰ ਪੰਜਾਬ ਦੀਆਂ ਹੱਦਾਂ ਅੰਦਰ ਸਰਕਾਰੀ ਇੰਤਜ਼ਾਮ ਹੇਠ ਕਿਤੇ ਵੀ ਜਾਣ ਦੀ ਸੁਵਿਧਾ ਦਿੱਤੀ ਗਈ ਸੀ। ਕੁਝ ਲੋਕਾਂ ਨੇ ਜਿਨ੍ਹਾਂ ਦੇ ਪੁਰਖਿਆਂ ਦੇ ਘਰ ਵੰਡ ਤੋਂ ਪਹਿਲਾਂ ਲਹਿੰਦੇ ਪੰਜਾਬ ਵਿਚ ਸਨ, ਉਨ੍ਹਾਂ ਨੇ ਆਪਣੇ ਪੁਰਖਿਆਂ ਦੇ ਪਿੰਡਾਂ ਨੂੰ ਜਾ ਕੇ ਵੇਖਣ ਦਾ ਆਨੰਦ ਮਾਣਿਆ ਅਤੇ ਮੇਰੇ ਵਰਗੇ ਚੜ੍ਹਦੇ ਪੰਜਾਬ ਦੇ ਵਾਸੀਆਂ ਨੇ ਬਾਬਾ ਬੁਲ੍ਹੇ ਸ਼ਾਹ ਦੀ ਦਰਗਾਹ ਕਸੂਰ ਜਾਂ ਨਨਕਾਣਾ ਸਾਹਿਬ ਜਾਣ ਦਾ ਫ਼ੈਸਲਾ ਕੀਤਾ।

ਜਦੋਂ ਅਸੀਂ ਵਾਹਗਾ ਤੋਂ ਬਾਰਡਰ ਪਾਰ ਕੀਤਾ ਤਾਂ ਦੂਜੇ ਪਾਸੇ ਸਾਡੇ ਵਫ਼ਦ ਨੂੰ ਖ਼ੁਸ਼ਆਮਦੀਦ ਕਹਿਣ ਤੇ ਲਾਹੌਰ ਲਿਜਾਣ ਲਈ ਆਲਮੀ ਪੰਜਾਬੀ ਕਾਨਫ਼ਰੰਸ ਦੇ ਪ੍ਰਬੰਧਕ ਤੇ ਨੁਮਾਇੰਦੇ ਹਾਜ਼ਰ ਸਨ। ਢੋਲਾਂ ਤੇ ਨਗਾੜਿਆਂ ਨਾਲ ਸਾਡਾ ਸਵਾਗਤ ਕੀਤਾ ਗਿਆ ਤੇ ਲਗਜ਼ਰੀ ਬੱਸਾਂ 'ਚ ਬਿਠਾ ਕੇ ਲਾਹੌਰ ਲਿਜਾਇਆ ਗਿਆ। ਬਾਰਡਰ ਪਾਰ ਕਰਦਿਆਂ ਦੋਨਾਂ ਮੁਲਕਾਂ ਦੇ ਟੀ.ਵੀ. ਚੈਨਲਾਂ ਨੇ ਸਾਡੇ ਵਫ਼ਦ ਬਾਰੇ ਖ਼ਬਰਾਂ ਪ੍ਰਸਾਰਿਤ ਕੀਤੀਆਂ। ਇਸ ਤਰ੍ਹਾਂ ਦੋਨਾਂ ਪੰਜਾਬਾਂ ਵਿਚ ਵਫ਼ਦ ਬਾਰੇ ਲੋਕਾਂ ਨੂੰ ਜਾਣਕਾਰੀ ਸੀ। ਲਾਹੌਰ ਵਿਚ ਕਈ ਥਾਵਾਂ 'ਤੇ ਬੈਨਰ ਲਾ ਕੇ ਸਾਨੂੰ ਖ਼ੁਸ਼ਆਮਦੀਦ ਦਾ ਸੁਨੇਹਾ ਦਿੱਤਾ ਗਿਆ ਸੀ।

ਲਾਹੌਰ ਪੁੱਜ ਕੇ ਮੈਂ ਗਜ਼ਾਲਾ ਇਰਫ਼ਾਨ ਨੂੰ ਕਈ ਵਾਰ ਫ਼ੋਨ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਕਲਾਸ ਪੜ੍ਹਾ ਰਹੀ ਸੀ ਤੇ ਉਹਨੇ ਫ਼ੋਨ ਸਾਈਲੈਂਟ ਕੀਤਾ ਹੋਇਆ ਸੀ। ਇਸ ਕਾਰਨ ਸਾਡੀ ਗੱਲ ਨਾ ਹੋ ਸਕੀ। ਸ਼ਾਮ ਨੂੰ ਅਨਾਰਕਲੀ ਬਾਜ਼ਾਰ ਤੋਂ ਮੈਂ ਗਜ਼ਾਲਾ ਨੂੰ ਇਕ ਵਾਰ ਫੇਰ ਫ਼ੋਨ ਕੀਤਾ, ਇਸ ਵਾਰ ਉਸ ਦੀ ਆਵਾਜ਼ ਦਾ ਹੁੰਗਾਰਾ ਸੁਣਿਆ ਤੇ ਉਸ ਨੇ ਆਖਿਆ ਕਿ ਜੇ ਮੌਸਇਕੀ ਸੁਣਨੀ ਹੈ ਤਾਂ ਮੈਂ ਅਲ ਹਮਰਾ ਕੰਪਲੈਕਸ ਵਿਚ ਛੋਟੇ ਆਡੀਟੋਰੀਅਮ ਨੰਬਰ ਤਿੰਨ ਵਿਚ ਆ ਜਾਵਾਂ। ਮੈਂ ਕਿਹਾ ਮੇਰੇ ਨਾਲ ਹੋਰ ਵੀ ਬੰਦੇ ਹਨ, ਕੀ ਮੈਂ ਉਨ੍ਹਾਂ ਨੂੰ ਵੀ ਨਾਲ ਲਿਆ ਸਕਦਾ ਹਾਂ ? ਉਸ ਨੇ ਹੱਸਦੇ ਹੋਏ ਕਿਹਾ ਪੁੱਛ ਇੰਝ ਰਿਹਾਂ ਜਿਵੇਂ ਢਾਈ ਸੌ ਬੰਦਾ ਤੇਰੇ ਨਾਲ ਆ, ਜਿੰਨੇ ਹੈਗੇ ਆ ਲੈ ਆ। ਅਲ ਹਮਰਾ ਦਿੱਲੀ ਦੇ ਵਿਗਿਆਨ ਭਵਨ ਵਰਗਾ ਕੰਪਲੈਕਸ ਹੈ। ਜਦੋਂ ਅਸੀਂ ਛੋਟੇ ਆਡੀਟੋਰੀਅਮ ਨੰਬਰ ਤਿੰਨ ਕੋਲ ਪਹੁੰਚੇ ਤਾਂ ਉਥੇ ਪੁਲਿਸ ਦਾ ਤਕੜਾ ਪ੍ਰਬੰਧ ਸੀ। ਮੈਂ ਇਕ ਇੰਸਪੈਕਟਰ ਨੂੰ ਦੱਸਿਆ ਕਿ ਅਸੀਂ ਮੌਸਿਰਕੀ ਦੇ ਪ੍ਰੋਗਰਾਮ ਲਈ ਸੱਦੇ ਗਏ ਹਾਂ। ਇੰਸਪੈਕਟਰ ਨੇ ਮੇਰੇ ਸਾਥੀਆਂ ਨੂੰ ਕਿਹਾ ਕਿ ਇਨ੍ਹਾਂ ਨੂੰ ਮੈਂ ਅੰਦਰ ਲਿਜਾ ਰਿਹਾ ਹਾਂ, ਜੇ ਇਨ੍ਹਾਂ ਨੂੰ ਸੱਦਣ ਵਾਲਿਆਂ ਨੇ ਪਛਾਣ ਲਿਆ ਤਾਂ ਇਨ੍ਹਾਂ ਨੂੰ ਬਿਠਾ ਆਵਾਂਗਾ ਤੇ ਤੁਹਾਡੇ ਬੈਠਣ ਦਾ ਪ੍ਰਬੰਧ ਕਰਾਂਗਾ। ਨਹੀਂ ਤਾਂ ਇਨ੍ਹਾਂ ਨੂੰ ਬੇਇਜ਼ਤ ਕਰਨ ਦੀ ਜ਼ਿੰਮੇਵਾਰੀ ਤੁਹਾਡੀ ਹੈ। ਖ਼ੈਰ, ਮੈਂ ਪਛਾਣ ਲਿਆ ਗਿਆ। ਗਜ਼ਾਲਾ ਨੇ ਹੱਥ ਹਿਲਾ ਕੇ ਮੈਨੂੰ ਆਪਣੇ ਵੱਲ ਸੱਦ ਲਿਆ ਤੇ ਇੰਸਪੈਕਟਰ ਸਾਹਿਬ ਬਾਕੀਆਂ ਨੂੰ ਬਿਠਾਉਣ ਦਾ ਪ੍ਰਬੰਧ ਕਰਨ 'ਚ ਮਸਰੂਫ਼ ਹੋ ਗਏ। ਇਹ ਸਾਨੂੰ ਬਾਅਦ 'ਚ ਪਤਾ ਲੱਗਾ ਕਿ ਇਹ ਮਹਿਫ਼ਲ ਲਾਹੌਰ ਦੇ ਪਤਵੰਤਿਆਂ ਲਈ ਸੀ, ਇਸ ਕਰਕੇ ਪੁਲਿਸ ਦਾ ਅਜਿਹਾ ਪ੍ਰਬੰਧ ਸੀ। ਮੌਸਇਕੀ ਦੀ ਇਹ ਸ਼ਾਮ ਤਕਰੀਬਨ ਅੱਧੀ ਰਾਤ ਤਾਈਂ ਚੱਲੀ ਤੇ ਸਾਨੂੰ ਗ਼ਜ਼ਲਾਂ ਤੇ ਕੱਵਾਲੀਆਂ ਸੁਣਨ ਦਾ ਆਨੰਦ ਪ੍ਰਾਪਤ ਹੋਇਆ।

ਬਾਬਾ ਬੁੱਲ੍ਹੇ ਸ਼ਾਹ ਦੀ ਦਰਗਾਹ 'ਤੇ ਵਾਪਰੀ ਇਕ ਦਿਲਚਸਪ ਘਟਨਾ ਦਾ ਜ਼ਿਕਰ ਕਰਨਾ ਵੀ ਮੈਂ ਜ਼ਰੂਰੀ ਸਮਝਦਾ ਹਾਂ। ਜਦੋਂ ਅਸੀਂ ਦਰਗਾਹ ਦੇ ਅੰਦਰ ਜਾਣ ਲੱਗੇ ਤਾਂ ਸਾਨੂੰ ਮੌਲਵੀ ਸਾਹਿਬ ਨੇ ਆਖਿਆ ਕਿ ਖ਼ਵਾਤੀਨਾਂ (ਔਰਤਾਂ) ਮਕਬਰੇ ਤੋਂ ਬਾਹਰ ਰਹਿਣਗੀਆਂ ਤੇ ਉਹ ਦਰਗਾਹ ਵਿਚ ਅੰਦਰ ਨਹੀਂ ਜਾਣਗੀਆਂ। ਮੌਲਵੀ ਸਾਹਿਬ ਨੇ ਅਜੇ ਆਪਣੀ ਹਦਾਇਤ ਪੂਰੀ ਨਹੀਂ ਕੀਤੀ ਸੀ ਕਿ ਸਾਡੇ ਜਥੇ ਵਿਚ ਸ਼ਾਮਿਲ ਇਕ ਬੀਬੀ ਨੇ ਬੜੀ ਉੱਚੀ ਦੇਣੀ ਰੋਹਬ ਭਰੀ ਆਵਾਜ਼ ਵਿਚ ਕਿਹਾ, "ਸਾਨੂੰ ਬਾਬਾ ਬੁੱਲ੍ਹੇ ਸ਼ਾਹ ਨੇ 'ਵਾਜਾਂ ਮਾਰ ਕੇ ਸੱਦਿਆ ਹੈ, ਤੁਸੀਂ ਕੌਣ ਹੁੰਦੇ ਹੋ ਦਰਗਾਹ 'ਤੇ ਸਿਜਦਾ ਕਰਨ ਤੋਂ ਰੋਕਣ ਵਾਲੇ।" ਮੈਨੂੰ ਇੰਜ ਜਾਪਿਆ ਜਿਵੇਂ ਇਸ ਕਿਸਮ ਦੀ ਬਹਿਸ ਕਿਸੇ ਪੰਗੇ ਵਾਲੇ ਝਗੜੇ ਵਿਚ ਨਾ ਬਦਲ ਜਾਵੇ ਪਰ ਮੈਨੂੰ ਹੈਰਾਨੀ ਹੋਈ ਜਦੋਂ ਮੌਲਵੀ ਜੀ ਨੇ ਕਿਹਾ, "ਬੀਬੀ ਸੱਚ ਕਹਿੰਨੀ ਏਂ ਕਿ ਬੁੱਲ੍ਹੇ ਸ਼ਾਹ ਨੇ ਥੋਨੂੰ 'ਵਾਜਾਂ ਮਾਰ ਕੇ ਸੱਦਿਐ ?" ਉਸ ਬੀਬੀ ਨੇ ਪਹਿਲਾਂ ਵਰਗੀ ਉੱਚੀ ਆਵਾਜ਼ ਵਿਚ ਕਿਹਾ, "ਹਾਂ ਮੌਲਵੀ ਜੀ, ਅਸੀਂ ਬਾਬਾ ਬੁੱਲ੍ਹੇ ਸ਼ਾਹ ਦੀ ਆਵਾਜ਼ ਆਪ ਸੁਣ ਕੇ ਹੀ ਆਈਆਂ।" ਮੌਲਵੀ ਨੇ ਬੜੀ ਨਿਮਰਤਾ ਨਾਲ ਕਿਹਾ "ਜੇ ਥੋਨੂੰ ਬਾਬੇ ਨੇ ਆਪ ਸੱਦਿਆ ਹੈ ਤਾਂ ਮੈਂ ਰੋਕਣ ਵਾਲਾ ਕੌਣ ਹੁੰਨਾਂ।" ਮੇਰਾ ਖਦਸ਼ਾ ਦੂਰ ਹੋ ਗਿਆ ਸੀ ਅਤੇ ਸਾਡਾ ਸਾਰਾ ਵਫ਼ਦ ਦਰਗਾਹ ਦੇ ਅੰਦਰ ਬੀਬੀਆਂ ਦੇ ਨਾਲ ਸਿਜਦਾ ਕਰ ਰਿਹਾ ਸੀ।

ਇਥੇ ਕਾਨਫ਼ਰੰਸ ਦੌਰਾਨ ਚੜ੍ਹਦੇ ਪੰਜਾਬ ਦੇ ਵਫ਼ਦ ਦੇ ਇਕ ਨਾਮਵਰ ਨੁਮਾਇੰਦੇ ਨੇ ਬਿਨਾ ਸੋਚ ਸਮਝ ਦੇ ਸਰਹੱਦਾਂ ਖ਼ਤਮ ਕਰਨ ਅਤੇ ਵੰਡੇ ਗਏ ਪੰਜਾਬ ਵਿਚਾਲੇ ਪਈਆਂ ਕੰਧਾਂ ਢਾਹੁਣ ਬਾਰੇ ਬਰਲਿਨ ਦੀ ਕੰਧ ਤੋੜਨ ਦਾ ਹਵਾਲਾ ਦਿੰਦਿਆਂ ਇਕ ਜੋਸ਼-ਭਰਿਆ ਭਾਸ਼ਣ ਦਿੱਤਾ। ਉਸ ਦੇ ਜਵਾਬ ਵਿਚ ਪੱਛਮੀ ਪੰਜਾਬ ਦੇ ਮੁੱਖ ਮੰਤਰੀ ਨੇ ਢੁਕਵੇਂ ਤਰੀਕੇ ਨਾਲ ਕਿਹਾ, "ਜਦੋਂ ਦੋ ਭਰਾ ਅੱਡ-ਅੱਡ ਹੋ ਜਾਣ ਤੇ ਜੱਦੀ ਜਾਇਦਾਦ ਵੰਡ ਲੈਣ ਤਾਂ ਇਕ ਦੂਜੇ ਦੇ ਮੱਥੇ ਲੱਗਣਾ ਤਕਲੀਫ਼ਦੇਹ ਤੇ ਸ਼ਰਮਨਾਕ ਹੁੰਦਾ ਹੈ। ਜਿਹੜੀ ਕੰਧ ਉਨ੍ਹਾਂ ਦੇ ਵੱਡ-ਵਡੇਰਿਆਂ ਜਾਇਦਾਦ ਨੂੰ ਵੰਡਣ ਲਈ ਰਲ ਕੇ ਕੱਢੀ ਸੀ, ਉਨ੍ਹਾਂ ਨੂੰ ਇਕ ਦੂਜੇ ਲਈ ਓਪਰਾ ਤੇ ਅਪਹੁੰਚ ਕਰ ਦਿੰਦੀ ਹੈ। ਜੇ ਉਹ ਨੇਕ ਹੋਣ ਤਾਂ ਇਕ ਦੂਜੇ ਨਾਲ ਸਿੱਧੇ ਉਲਝਣ ਤੋਂ ਬਚਣ ਲਈ ਸੱਜੇ-ਖੱਬੇ ਹੋ ਜਾਂਦੇ ਹਨ, ਨਹੀਂ ਤਾਂ ਦੋਹਾਂ ਧਿਰਾਂ ਲਈ ਹਮੇਸ਼ਾ ਝਗੜੇ ਦਾ ਖਦਸ਼ਾ ਬਣਿਆ ਰਹਿੰਦਾ ਹੈ। ਵੇਲੇ ਦੇ ਨਾਲ ਜਿਵੇਂ ਆਪਸੀ ਰੰਜਸ਼ ਦੇ ਚੇਤੇ ਮੱਧਮ ਪੈਣ ਲੱਗਣਗੇ, ਉਹ ਇਕ ਦੂਜੇ ਨੂੰ ਮਿਲਣ ਲੱਗ ਜਾਣਗੇ ਪਰ ਫਿਰ ਵੀ ਮਦਦ ਜਾਂ ਆਸਰੇ ਲਈ ਦੂਜੇ ਦਾ ਬੂਹਾ ਖੜਕਾਉਣੋਂ ਝਿਜਕਣਗੇ। ਜੇ ਕਿਸਮਤ ਵਾਲੇ ਹੋਏ, ਤਾਂ ਇੰਝ ਦੇ ਵੇਲੇ ਕੰਧ 'ਚ ਬਾਰੀ ਕੱਢਣ ਦਾ ਹੌਸਲਾ ਆ ਜਾਏਗਾ, ਜਿਹਨੂੰ ਉਹ ਸਾਂਝੀ ਮੰਨਣਗੇ ਤਾਂ ਜੋ ਆਪਸੀ ਮੇਲ-ਜੋਲ ਤੇ ਲੈਣ-ਦੇਣ ਆਸਾਨ ਹੋ ਸਕੇ। ਪਰ ਜੇ ਇਕ ਭਰਾ, ਮੰਦਭਾਗੇ ਬਟਵਾਰੇ ਨੂੰ ਖ਼ਤਮ ਕਰਨ ਦੀ ਕਾਹਲ 'ਚ ਕੰਧ ਨੂੰ ਢਾਹੁਣ ਦੀ ਗੱਲ ਕਰਨ ਲੱਗ ਪਵੇ ਤਾਂ ਸਾਂਝ ਪੈਣ ਦੀ ਥਾਂ ਡਰ, ਦੁਸ਼ਮਣੀ ਤੇ ਆਪਸੀ ਬਦਨੀਤੀ ਹੀ ਵਧਦੀ ਹੈ।"

ਪਿਛਲੇ ਸੱਤ ਦਹਾਕਿਆਂ ਤੋਂ ਰਾਜਨੀਤਕ ਸਰਹੱਦਾਂ ਕਾਇਮ ਨੇ। ਸਾਨੂੰ ਇਕ ਹਕੀਕਤ ਨੂੰ ਤਸਲੀਮ ਕਰਨਾ ਪਵੇਗਾ। ਬਰਲਿਨ-ਵਾਲ (ਦੀਵਾਰ) ਦੀ ਤਰਜ਼ 'ਤੇ, ਇਨ੍ਹਾਂ ਸਰਹੱਦਾਂ ਨੂੰ ਢਾਹੁਣ ਦੀ ਗੱਲ ਨਾ ਤਾਂ ਸਪੱਸ਼ਟ ਅਤੇ ਸਾਫ਼ ਹੈ ਅਤੇ ਨਾ ਹੀ ਸਰਹੱਦਾਂ ਦੇ ਦੋਵੇਂ ਪਾਸੀਂ ਕਾਬਜ਼ ਤਾਕਤਾਂ ਨੂੰ ਮਨਜ਼ੂਰ ਹੋਏਗੀ। ਪਾਕਿਸਤਾਨ ਨੈਸ਼ਨਲ ਅਸੈਂਬਲੀ ਦੇ ਇਕ ਮੈਂਬਰ ਜਿਸ ਨੂੰ ਅਸੀਂ ਕਸੂਰ ਵਿਚ ਮਿਲੇ, ਜਿਥੇ ਅਸੀਂ ਬਾਬਾ ਬੁਲ੍ਹੇ ਸ਼ਾਹ ਨੂੰ ਸਿਜਦਾ ਕਰਨ ਗਏ ਸਾਂ, ਨੇ ਏਸੇ ਵਿਚਾਰ ਨੂੰ ਬੜੀ ਢੁਕਵੇਂ ਅੰਦਾਜ਼ 'ਚ ਪੇਸ਼ ਕੀਤਾ : "ਬਤੌਰ ਪੰਜਾਬੀ, ਪੰਜਾਬ ਦੇ ਦੋਵੇਂ ਪਾਸੇ ਅੰਮ੍ਰਿਤਸਰ ਤੇ ਕਸੂਰ, ਪਟਿਆਲਾ ਤੇ ਲਾਹੌਰ—ਸਾਨੂੰ ਚੰਗਾ ਲੱਗੇਗਾ ਜੇ ਪੰਜਾਬੀਆਂ ਦੇ ਸਾਂਝੇ ਫ਼ਾਇਦੇ ਲਈ ਬਾਰਡਰ ਖੁੱਲ੍ਹ ਜਾਣ ਅਤੇ ਲੋਕਾਂ, ਚੀਜ਼ਾਂ-ਵਸਤਾਂ ਅਤੇ ਸੇਵਾਵਾਂ ਦੇ ਆਦਾਨ-ਪ੍ਰਦਾਨ ਦੀ ਖੁੱਲ੍ਹ ਹੋਵੇ। ਪਰ ਜਿਨ੍ਹਾਂ ਨੂੰ ਇਹ ਗੱਲ ਵਾਰਾ ਨਹੀਂ ਖਾਂਦੀ, ਉਹ ਇਸ ਦਾ ਬੜਾ ਤਿੱਖਾ ਵਿਰੋਧ ਕਰਨਗੇ। ਮੁੰਬਈ, ਕਰਾਚੀ ਅਤੇ ਦੁਬਈ 'ਚ ਬੈਠੀਆਂ ਇਹ ਤਾਕਤਾਂ, ਜਿਨ੍ਹਾਂ ਨੇ ਆਪਣੇ ਮੁਫ਼ਾਦ ਦੀ ਰਾਖੀ ਕਰਨੀ ਹੈ, ਉਹ ਦਿੱਲੀ ਅਤੇ ਇਸਲਾਮਾਬਾਦ ਲਈ ਨਾ-ਮੁਮਕਿਨ ਨਹੀਂ ਤਾਂ ਮੁਸ਼ਕਲ ਤਾਂ ਜ਼ਰੂਰ ਕਰ ਦੇਣਗੇ ਕਿ ਉਹ ਦੁਵੱਲੀ ਇਮਦਾਦ ਤੇ ਉਸਾਰੂ ਮਦਦ ਦੀ ਹਵਾ ਨੂੰ ਵਗਣ ਦੇਵੇ।"

ਪਰਵੇਜ਼ ਇਲਾਹੀ ਦੀ ਸੁਚੇਤ ਰਹਿਣ ਦੀ ਟਿੱਪਣੀ ਸਮਾਜਕ ਜੀਵਨ ਦੇ ਇਕ ਹੋਰ ਅਹਿਮ ਪਹਿਲੂ ਦੀ ਰੌਸ਼ਨੀ 'ਚ ਵੀ ਵੇਖਣੀ ਬਣਦੀ ਹੈ ਜਿਹੜਾ ਅਸੀਂ ਕਾਨਫ਼ਰੰਸ ਲਈ ਲਾਹੌਰ ਫੇਰੀ ਦੌਰਾਨ ਵੇਖਿਆ। ਅੰਗਰੇਜ਼ੀਕਰਨ ਦੇ ਸ਼ੌਕੀਨ ਲਾਹੌਰੀਆਂ ਨੇ ਪੁਰਾਣੀ ਗਵਾਲ ਮੰਡੀ ਦਾ ਨਾਂ 'ਫੂਡ ਸਟ੍ਰੀਟ' ਰੱਖ ਲਿਆ ਹੈ ਪਰ ਹੋਟਲ ਸ਼ਾਹ-ਤਾਜ ਦੀ ਰੀਸੈਪਸਨਿਸਟ ਨੇ ਸਾਨੂੰ ਸਮਝਾਇਆ ਕਿ ਅਸੀਂ ਪਹਿਲਾਂ ਲਕਸ਼ਮੀ ਚੌਂਕ ਜਾਈਏ ਤੇ ਫਿਰ ਧਰਮਪੁਰੀ ਦਾ ਰਾਹ ਪੁੱਛੀਏ ਤਾਂ ਗਵਾਲ ਮੰਡੀ ਉਰਫ਼ ਫੂਡ ਸਟਰੀਟ ਦੀਆਂ ਰਾਤ ਖੁੱਲ੍ਹੀਆਂ ਰਹਿੰਦੀਆਂ ਖਾਣ-ਪੀਣ ਦੀਆਂ ਦੁਕਾਨਾਂ ਵੇਖ ਸਕੀਏ। ਰਾਹ 'ਚ ਅਸੀਂ ਕਈ ਇਮਾਰਤਾਂ ਅਤੇ ਸੰਸਥਾਨ ਵੇਖੇ ਜਿਨ੍ਹਾਂ ਦੇ ਨਾਂ ਸੰਤਾਲੀ ਤੋਂ ਪਹਿਲਾਂ ਦੇ ਅਤੇ ਗ਼ੈਰ-ਮੁਸਲਿਮ ਸਨ। ਮੈਂ ਜਾਣਨ ਲਈ ਉਤਸੁਕ ਸਾਂ ਕਿ ਕੀ ਪੁਰਾਣੇ ਨਾਵਾਂ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਗਈ ਹੈ ? ਮੈਨੂੰ ਦੱਸਿਆ ਗਿਆ ਕਿ ਭਾਵੇਂ ਨਵੇਂ ਇਸਲਾਮੀ ਤਰਜ਼ ਦੇ ਨਾਂ ਰੱਖੇ ਗਏ ਸਨ ਪਰ ਲੋਕਾਂ ਦੀਆਂ ਆਦਤਾਂ ਤੇ ਚੇਤੇ ਬਦਲਾਅ ਦੇ ਹਾਮੀਆਂ ਤੋਂ ਜ਼ਿਆਦਾ ਮਜਬੂਤ ਸਾਬਤ ਹੋਏ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਹੱਦ ਦੇ ਇਸ ਪਾਸੇ ਵੀ ਰੋਪੜ ਅਤੇ ਮੋਹਾਲੀ ਦੇ ਨਾਂ ਬਦਲਣ ਦੀ ਕੋਸ਼ਿਸ਼ ਦਾ ਵੀ ਓਹੋ ਹੀ ਹਸ਼ਰ ਹੋਇਆ। ਆਓ, ਉਮੀਦ ਤੇ ਅਰਦਾਸ ਕਰੀਏ ਕਿ ਆਉਂਦੇ ਸਮਿਆਂ 'ਚ ਮੁਮਕਿਨ ਹੋ ਜਾਵੇ ਕਿ ਸਾਂਝਾ ਪੰਜਾਬੀ ਵਿਰਸਾ ਅਤੇ ਬਹੁਰੰਗੀ ਸਮੁੱਚਤਾ ਸਾਡੀ ਪਹੁੰਚ 'ਚ ਸਾਡੇ ਨਾਲ ਰਹੇ ਤੇ ਸਾਡੇ ਭਵਿੱਖ ਨੂੰ ਸੂਫ਼ੀ ਸੰਤਾਂ ਅਤੇ ਗੁਰੂਆਂ ਵੱਲੋਂ ਦਿੱਤੀ ਸਿੱਖਿਆ ਰਾਹੀਂ ਸਹੀ ਸੇਧ ਦਿੰਦੀ ਰਹੇ।

**

ਕੰਧ ਢਾਹੁਣ ਤੋਂ ਪਹਿਲਾਂ ਇਹ ਤਸੱਲੀ ਨਾਲ ਪਤਾ ਕਰ ਲੈਣਾ ਚਾਹੀਦਾ ਹੈ ਕਿ ਇਹ ਬਣਾਈ ਕਿਉਂ ਗਈ ਸੀ।

***-ਰਾਬਰਟ ਫਰਾਸਟ***

ਪਹਿਲਾਂ ਬੰਦੇ ਕੰਧ ਖੜ੍ਹੀ ਕਰਦੇ ਨੇ, ਫਿਰ ਕੰਧਾਂ ਆਪਣੇ ਵਰਗੇ ਬੰਦੇ ਪੈਦਾ ਕਰਨ ਲੱਗ ਪੈਂਦੀਆਂ ਹਨ।

***-ਬਰਲਿਨ ਦੀਵਾਰ ਬਾਰੇ ਇਕ ਕਵਿਤਾ 'ਚੋਂ***